ਮਿੱਠੇ ਬੱਚੇ:- "ਮਿੱਠੇ ਬੱਚੇ :- ਸਾਰੀ ਸ੍ਰਿਸ਼ਟੀ ਦਾ ਪਾਲਣਕਰਤਾ ਇੱਕ ਬਾਪ ਹੈ, ਉਹ ਕਦੀ ਕਿਸੇ ਦੀ ਪਾਲਣਾ ਨਹੀਂ ਲੈਂਦੇ, ਸਦਾ ਨਿਰਾਕਾਰ ਹਨ - ਇਹ ਗੱਲ ਸਿੱਧ ਕਰ ਸਭਨੂੰ ਸਮਝਾਓ"

ਪ੍ਰਸ਼ਨ:- ਗੋਡਲੀ ਸਟੂਡੈਂਟ ਦੀ ਪਹਿਲੀ ਮੁਖ ਨਿਸ਼ਾਨੀ ਕੀ ਹੋਵੇਗੀ?

ਉੱਤਰ:- ਗੋਡਲੀ ਸਟੂਡੈਂਟ ਕਦੀ ਵੀ ਮੁਰਲੀ ਸੁਣਨ ਬਿਗਰ ਨਹੀਂ ਰਹਿ ਸਕਦੇ। ਉਹ ਇਵੇਂ ਨਹੀਂ ਕਹਿਣਗੇ ਕਿ ਸਾਨੂੰ ਮੁਰਲੀ ਸੁਣਨ ਦੀ ਫੁਰਸਤ ਹੀ ਨਹੀਂ ਮਿਲਦੀ। ਜਿੱਥੇ ਵੀ ਹਨ ਪੁਆਇੰਟਸ ਮੰਗਵਾਕੇ ਵੀ ਪੜਨਗੇ। ਕਿੰਨੀ ਅਥਾਹ ਪੁਆਇੰਟਸ ਚੱਲਦੀ ਹੈ! ਜੇਕਰ ਮੁਰਲੀ ਨਹੀਂ ਸੁਣਨਗੇ ਤਾਂ ਧਾਰਨਾ ਕਿਵੇਂ ਹੋਵੇਗੀ? ਇਹ ਪੜ੍ਹਾਈ ਹੈ ਸੁਪ੍ਰੀਮ ਟੀਚਰ ਪੜ੍ਹਾਉਣ ਵਾਲਾ ਹੈ ਤਾਂ ਬੱਚਿਆਂ ਨੂੰ ਮੁਰਲੀ ਕਦੀ ਮਿਸ ਨਹੀਂ ਕਰਨੀ ਚਾਹੀਦੀ।

ਗੀਤ:- ਤੁਮਹੇ ਪਾਕੇ ਹਮਨੇ...

ਓਮ ਸ਼ਾਂਤੀ। ਹੁਣ ਤੁਸੀਂ ਆਤਮਾਵਾਂ ਬਾਪ ਨੂੰ ਜਾਣ ਗਈਆਂ ਹੋ। ਬੱਚੇ ਜਾਣਦੇ ਹਨ ਇੱਕ ਹੀ ਸ਼ਿਵਬਾਬਾ ਹੈ ਜਿਸਨੂੰ ਕੋਈ ਵੀ ਸੂਕ੍ਸ਼੍ਮ ਅਤੇ ਸਥੂਲ ਸ਼ਰੀਰ ਨਹੀਂ ਮਿਲਦਾ ਹੈ। ਬ੍ਰਹਮਾ, ਵਿਸ਼ਨੂੰ, ਸ਼ੰਕਰ ਦਾ ਵੀ ਸੂਕ੍ਸ਼੍ਮ ਸ਼ਰੀਰ ਦਿਖਾਉਂਦੇ ਹਨ। ਨਾਮ ਵੀ ਹੈ। ਬੱਚੇ ਸਮਝਦੇ ਹਨ - ਉਹਨਾਂ ਵਿੱਚ ਆਤਮਾ ਹੈ, ਸੂਕ੍ਸ਼੍ਮ ਸ਼ਰੀਰ ਹੈ। ਇਸ ਸਮੇਂ ਤੁਸੀਂ ਬੱਚੇ ਤ੍ਰਿਲੋਕੀਨਾਥ ਬਣਦੇ ਹੋ। ਲਕਸ਼ਮੀ - ਨਾਰਾਇਣ ਨੂੰ ਕੋਈ ਤ੍ਰਿਲੋਕੀਨਾਥ ਨਹੀਂ ਕਹਾਂਗੇ। ਲਕਸ਼ਮੀ- ਨਰਾਇਣ ਇਨ੍ਹਾਂ ਤਿੰਨਾਂ ਲੋਕਾਂ (ਮੂਲਵਤਨ, ਸੂਖਸ਼ਮਵਤ, ਸਥੂਲਵਤਨ) ਨੂੰ ਨਹੀਂ ਜਾਣਦੇ। ਹਰ ਇੱਕ ਗੱਲ ਬੁੱਧੀ ਨਾਲ ਨਿਰਣੇ ਕਰਨੀ ਹੈ ਕਿ ਰਾਈਟ ਹੈ ਜਾਂ ਰਾਂਗ ਹੈ! ਸਿਰਫ਼ ਜੋ ਸੁਣਿਆ ਸਤ - ਸਤ ਕਹਿਣਾ - ਇਹ ਤਾਂ ਭਗਤੀ ਮਾਰਗ ਹੈ। ਇੱਥੇ ਤਾਂ ਚੰਗੀ ਤਰ੍ਹਾਂ ਸਮਝਣਾ ਹੈ। ਬਰੋਬਰ ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਸੂਖਸ਼ਮ ਸ਼ਰੀਰ ਹੈ। ਸਿਰਫ਼ ਇੱਕ ਹੀ ਸ਼ਿਵ ਨਿਰਾਕਾਰ ਹੈ। ਮੰਦਿਰ ਤਾਂ ਉਹਨਾਂ ਦੇ ਅਨੇਕ ਤਰ੍ਹਾਂ ਦੇ ਬਣੇ ਹੋਏ ਹਨ ਅਤੇ ਨਾਮ ਵੀ ਅਨੇਕ ਤਰ੍ਹਾਂ ਦੇ ਰੱਖ ਦਿੱਤੇ ਹਨ। ਫੇਰ ਮੰਦਿਰ ਹਨ, ਜਿੱਥੇ ਲਿੰਗ ਰੱਖਿਆ ਰਹਿੰਦਾ ਹੈ। ਬੰਬੇ ਵਿੱਚ ਹੈ ਉਸਨੂੰ ਬਾਬੂਰੀਨਾਥ ਕਹਿੰਦੇ ਹਨ। ਹੈ ਤਾਂ ਇੱਕ ਸ਼ਿਵ, ਵਿਲਾਇਤ ਆਦਿ ਵੱਲ ਵੀ ਬਹੁਤ ਨਾਮ ਰੱਖੇ ਹੋਏ ਹਨ। ਹੁਣ ਬੱਚੇ ਜਾਣਦੇ ਹਨ - ਅਸੀਂ ਆਤਮਾ ਹਾਂ। ਪਰਮਪਿਤਾ ਪਰਮਾਤਮਾ ਸਾਨੂੰ ਬੱਚਿਆਂ ਨੂੰ ਸਮਝਾ ਰਹੇ ਹਨ। ਤਿੰਨਾਂ ਲੋਕਾਂ ਦਾ ਗਿਆਨ ਦੇ ਰਹੇ ਹਨ। ਇਸ ਸਮੇਂ ਹੀ ਤੁਸੀਂ ਤ੍ਰਿਲੋਕੀਨਾਥ ਹੋ ਕਿਉਂਕਿ ਤੁਸੀਂ ਜਾਣਦੇ ਹੋ। ਜਦੋਂ ਤੱਕ ਕੋਈ ਜਾਣੇ ਨਹੀਂ ਤਾਂ ਨਾਥ ਬਣ ਕਿਵੇਂ ਸਕਦੇ? ਸਿਰਫ਼ ਬ੍ਰਹਮਾ ਦੀ ਔਲਾਦ ਬ੍ਰਾਹਮਣ ਹੀ ਤ੍ਰਿਲੋਕੀਨਾਥ ਹਨ, ਜਿਨ੍ਹਾਂ ਨੂੰ ਤਿੰਨਾਂ ਲੋਕਾਂ ਦੀ ਨਾਲੇਜ਼ ਹੈ। ਨਾਲੇਜ਼ਫੁੱਲ, ਬਲਿੱਸਫੁੱਲ ਬਾਪ ਹਨ। ਉਹ ਨਿਰਾਕਾਰ ਬਾਪ ਸਾਨੂੰ ਨਾਲੇਜ਼ ਦੇ ਰਹੇ ਹਨ। ਕੋਈ ਸਾਕਾਰ ਮਨੁੱਖ ਨੂੰ ਗੋਡ ਨਹੀਂ ਕਿਹਾ ਜਾ ਸਕਦਾ। ਇੱਥੇ ਤੇ ਸਰਵਵਿਆਪੀ ਕਹਿ ਦਿੰਦੇ ਹਨ।

ਹੁਣ ਤੁਸੀਂ ਬੱਚੇ ਸਮਝ ਗਏ ਹੋ - ਗੋਡ ਫ਼ਾਦਰ ਇੱਕ ਹੀ ਨਿਰਾਕਾਰ ਸ਼ਿਵ ਹੈ, ਜਿਸਦੀ ਪਾਲਣਾ ਵੀ ਨਹੀਂ ਹੁੰਦੀ ਹੈ। ਹੋਰ ਸਭ ਦੀ ਪਾਲਣਾ ਹੁੰਦੀ ਹੈ। ਆਤਮਾ ਛੋਟੇ ਸ਼ਰੀਰ ਵਿੱਚ ਆਉਂਦੀ ਹੈ। ਗਰਭ ਵਿੱਚ ਤਾਂ ਆਪਣਾ ਅੰਗੂਠਾ ਚੂਸਦੀ ਹੈ। ਸ਼ਿਵਬਾਬਾ ਨੂੰ ਅੰਗੂਠਾ ਨਹੀਂ, ਜੋ ਚੂਸਨਾ ਪਵੇ। ਸ਼ਿਵਬਾਬਾ ਕਹਿੰਦੇ ਹਨ - ਮੈਂ ਤਾਂ ਗਰਭ ਵਿੱਚ ਹੀ ਨਹੀਂ ਜਾਂਦਾ ਹਾਂ, ਹੋਰ ਸਭ ਤਾਂ ਗਰਭ ਵਿੱਚ ਜਾਂਦੇ ਹਨ। ਫਿਰ ਉਹਨਾਂ ਦੀ ਪਾਲਣਾ ਵੀ ਹੁੰਦੀ ਹੈ। ਮਾਂ ਜਿਵੇਂ ਖਾਣਾ ਆਦਿ ਖਾਂਦੀ ਹੈ, ਕੋਈ ਖੱਟੀ ਚੀਜ਼ ਖਾਂਦੀ ਹੈ ਤਾਂ ਉਸਦਾ ਅਸਰ ਬੱਚੇ ਤੇ ਪੈਂਦਾ ਹੈ ਤਾਂ ਬੱਚੇ ਨੂੰ ਨੁਕਸਾਨ ਹੁੰਦਾ ਹੈ। ਸ਼ਿਵਬਾਬਾ ਪੁੱਛਦੇ ਹਨ - ਸਾਡੀ ਤੁਸੀਂ ਪਾਲਣਾ ਕਿਵੇਂ ਕਰੋਗੇ? ਸਾਨੂੰ ਤਾਂ ਕਹਿੰਦੇ ਹੀ ਹਨ ਸਾਰੀ ਸ੍ਰਿਸ਼ਟੀ ਦਾ ਪਾਲਣ - ਕਰਤਾ। ਤਾਂ ਮੇਰੇ ਉਪਰ ਕੋਈ ਹੈ ਨਹੀਂ। ਇਹਨਾਂ ਗੱਲ ਨੂੰ ਚੰਗੀ ਤਰ੍ਹਾਂ ਸਮਝਣਾ ਪਵੇ। ਵਿਚਾਰ ਸਾਗਰ ਮੰਥਨ ਕਰ ਪੁਆਇੰਟਸ ਕੱਢਣੀਆਂ ਚਾਹੀਦੀਆਂ ਹਨ। ਬੋਰਬਰ ਸ਼ਿਵਬਾਬਾ ਬਾਬਾ ਹਨ। ਉਹਨਾਂ ਨੂੰ ਮਸ਼ੂਕ ਵੀ ਕਿਹਾ ਜਾਂਦਾ ਹੈ। ਸਭ ਮਨੁੱਖ ਮਾਤਰ ਆਸ਼ਿਕ ਹਨ ਉਸ ਮਾਸ਼ੂਕ ਦੇ। ਤੁਸੀਂ ਸਭ ਸਜਨੀਆਂ ਹੋ, ਉਹ ਸਾਜਨ ਠਹਿਰਿਆ। ਸਾਜਨ ਹੈ ਨਿਰਾਕਾਰ। ਕੋਈ ਸਾਕਾਰ ਜਾਂ ਆਕਾਰ ਨੂੰ ਸਾਜਨ ਨਹੀਂ ਕਿਹਾ ਜਾ ਸਕਦਾ। ਸਭ ਦਾ ਮਾਸ਼ੂਕ ਇੱਕ ਹੀ ਨਿਰਾਕਾਰ ਬਾਬਾ ਹੈ। ਨਿਰਾਕਾਰ ਆਤਮਾਵਾਂ ਆਪਣੇ ਮਾਸ਼ੂਕ ਨੂੰ ਯਾਦ ਕਰਦੀਆਂ ਹਨ। ਯਾਦ ਕਿਉਂ ਕਰਦੀਆਂ ਹਨ? ਜਰੂਰ ਕੁਝ ਨਾ ਕੁਝ ਤਕਲੀਫ਼ ਹੈ। ਸਭ ਭਗਤ ਭਗਵਾਨ ਨੂੰ ਯਾਦ ਕਰਦੇ ਹਨ। ਇਹ ਆਸ਼ਿਕ - ਮਾਸ਼ੂਕ ਨਿਰਾਕਾਰੀ ਹਨ। ਉਹ ਜੋ ਸਾਕਾਰੀ ਆਸ਼ਿਕ - ਮਾਸ਼ੂਕ ਹੁੰਦੇ ਹਨ ਉਹਨਾਂ ਦੀ ਵੀ ਮਹਿਮਾ ਹੈ ਅਤੇ ਉਹ ਬਹੁਤ ਥੋੜ੍ਹੇ ਹੁੰਦੇ ਹਨ। ਇੱਕ - ਦੂਸਰੇ ਦੇ ਸ਼ਰੀਰ ਤੇ ਫ਼ਿਦਾ ਹੁੰਦੇ ਹਨ। ਉਹਨਾਂ ਦਾ ਕੋਈ ਵਿਕਾਰ ਦੇ ਲਈ ਪਿਆਰ ਨਹੀਂ ਹੁੰਦਾ। ਸਿਰਫ਼ ਇੱਕ - ਦੋ ਨੂੰ ਦੇਖਦੇ ਰਹਿੰਦੇ। ਦੇਖਣ ਬਿਗਰ ਸੁਖ ਨਹੀਂ ਆਏਗਾ। ਸ਼ਰੀਰ ਨੂੰ ਯਾਦ ਕਰਦੇ ਹਨ। ਕਿੱਥੇ ਵੀ ਬੈਠੇ ਰਹਿਣਗੇ। ਸਮਝਣਗੇ ਸਾਡੇ ਸਾਹਮਣੇ ਮਾਸ਼ੂਕ ਖੜ੍ਹਾ ਹੈ। ਉਹਨਾਂ ਨੂੰ ਸਾਕਸ਼ਾਤਕਾਰ ਹੁੰਦਾ ਹੈ ਕਿਉਂਕਿ ਉਹ ਪਵਿੱਤਰਤਾ ਦਾ ਪ੍ਰੇਮ ਹੈ। ਸ਼ਰੀਰ ਦੀ ਵੀ ਸ਼ੋਭਾ ਹੁੰਦੀ ਹੈ ਨਾ। ਵਿਕਾਰ ਦੇ ਲਈ ਨਹੀਂ, ਇੱਕ - ਦੋ ਨੂੰ ਦੇਖ ਖੁਸ਼ ਹੁੰਦੇ ਹਨ। ਖਾਂਦੇ ਹੋਏ ਉਹਨਾਂ ਦੀ ਯਾਦ ਆਈ, ਬਸ, ਖਾਣਾ ਭੁੱਲ ਜਾਏਗਾ। ਉਹਨਾਂ ਨੂੰ ਹੀ ਦੇਖਦੇ ਰਹਿਣਗੇ। ਉਹ ਵੀ ਥੋੜ੍ਹੇਹੀ ਹੁੰਦੇ ਹਨ। ਇੱਥੇ ਤਾਂ ਸਭ ਦੇ ਸਭ ਆਸ਼ਿਕ ਹਨ। ਉਸ ਮਾਸ਼ੂਕ (ਸ਼ਿਵਬਾਬਾ) ਦੇ, ਪਰ ਕਿੰਨੇ ਥੋੜ੍ਹੇ ਸੱਚੇ ਆਸ਼ਿਕ ਹਨ ਜੋ ਪਾਸ ਵਿਦ ਆਨਰਸ ਹੁੰਦੇ ਹਨ! 8 ਦਾਣੇਆਂ ਦੀ ਕਿੰਨੀ ਮਹਿਮਾ ਹੈ! ਤਾਂ ਜਦੋਂ ਭਗਤਾਂ ਨੂੰ ਭਗਵਾਨ ਮਿਲਿਆ ਹੈ ਤਾਂ ਉਹਨਾਂ ਨੂੰ ਕਿੰਨਾ ਯਾਦ ਕਰਨਾ ਚਾਹੀਦਾ ਹੈ! ਬਾਪ ਕਹਿੰਦੇ ਹਨ - ਬੱਚੇ, ਨਿਰੰਤਰ ਮੈਨੂੰ ਯਾਦ ਕਰੋ ਕਿਉਂਕਿ ਮੇਰੇ ਕੋਲੋਂ

ਤੁਹਾਨੂੰ ਬਹੁਤ ਸੁਖ ਮਿਲਦਾ ਹੈ। ਉਹ ਤਾਂ ਕਰਕੇ ਅਲਪ ਕਾਲ ਦਾ ਸੁਖ ਮਿਲ ਜਾਂਦਾ ਹੈ। ਆਪਸ ਵਿੱਚ ਬਹੁਤ ਲਵ ਰਹਿੰਦਾ ਹੈ। ਇਹ ਫਿਰ ਹੈ ਬੇਹੱਦ ਦੇ ਬਾਪ ਨਾਲ ਲਵ। ਬੇਹੱਦ ਦਾ ਪਿਆਰ ਇੱਕ ਵਿੱਚ ਰਹਿੰਦਾ ਹੈ। ਬੱਚੇ ਜਾਣਦੇ ਹਨ - ਉਹਨਾਂ ਦਾ ਕੋਈ ਸ਼ਰੀਰਕ ਨਾਮ ਨਹੀਂ ਹੈ।

ਵਿਸ਼ਨੂੰ ਦੇ ਦੋ ਰੂਪ ਲਕਸ਼ਮੀ -ਨਾਰਾਇਣ ਦੀ ਜਰੂਰ ਡੀਨੇਸਟੀ ਹੋਵੇਗੀ। ਸਤਿਯੁਗ ਆਦਿ ਵਿੱਚ ਲਕਸ਼ਮੀ - ਨਾਰਾਇਣ ਦਾ ਰਾਜ ਹੋਵੇਗਾ ਤਾਂ ਜਰੂਰ ਪ੍ਰਜਾ ਵੀ ਹੋਵੇਗੀ। ਬੁੱਧੀ ਵੀ ਕਹਿੰਦੀ ਹੈ - ਸਤਿਯੁਗ ਆਦਿ ਵਿੱਚ ਇੰਨੇ ਹੋਣਗੇ ਫਿਰ ਵ੍ਰਿਧੀ ਹੁੰਦੀ ਜਾਏਗੀ। ਸਤਿਯੁਗ ਆਦਿ ਵਿੱਚ ਲਕਸ਼ਮੀ - ਨਾਰਾਇਣ ਦਾ ਰਾਜ ਸੀ। ਬਰੋਬਰ ਜਮੁਨਾ ਦੇ ਕੰਠੇ ਤੇ ਰਾਧੇ - ਕ੍ਰਿਸ਼ਨ ਦੀ ਰਾਜਧਾਨੀ ਸੀ। ਗੰਗਾ-ਜਮੁਨਾ ਆਦਿ ਇਹ ਤਾਂ ਬਹੁਤ ਨਦੀਆਂ ਹਨ। ਨਦੀ ਕਿਨਾਰੇ ਰਹਿੰਦੇ ਸਨ। ਇਹ ਜੋ ਦਿਖਾਉਂਦੇ ਹਨ ਸਾਗਰ ਵਿੱਚ ਦਵਾਰਿਕਾ ਡੁੱਬੀ ਆਦਿ - ਇਵੇਂ ਦੀ ਕੋਈ ਗੱਲ ਨਹੀਂ ਹੈ। ਨਾ ਕੋਈ ਸਾਗਰ ਦੇ ਕਿਨਾਰੇ ਦੇਵਤਾਵਾਂ ਦੇ ਗਾਂਵ ਹੁੰਦੇ ਹਨ। ਇਹ ਬੰਬਈ ਥੋੜੀਹੀ ਹੋਵੇਗੀ। ਹੁਣ ਇਹ ਸਭ ਤੁਹਾਡੀ ਬੁੱਧੀ ਵਿੱਚ ਹੈ। ਮੋਸ੍ਟ ਬਿਲਵਰਡ ਗੋਡ ਫ਼ਾਦਰ, ਕ੍ਰਾਇਸਟ ਨੂੰ ਗੋਡ ਫ਼ਾਦਰ ਨਹੀਂ ਕਹਾਂਗੇ। ਜਾਣਦੇ ਹਨ ਕ੍ਰਾਇਸਟ ਮੈਸੇਂਜਰ ਹੈ। ਪਰਮਪਿਤਾ ਪਰਮਾਤਮਾ ਨੇ ਉਹਨਾਂ ਨੂੰ ਭੇਜਿਆ ਹੈ। ਆਉਂਦੇ ਹਨ ਨਿਰਾਕਾਰੀ ਦੁਨੀਆਂ ਤੋਂ। ਉਹਨਾਂ ਨੂੰ ਗੋਡ ਫ਼ਾਦਰ ਨਹੀਂ ਸਮਝਦੇ। ਪ੍ਰਿਸੈਪਟਰ ਸਮਝਦੇ ਹਨ। ਹਿੰਦੂਆਂ ਨੂੰ ਪਤਾ ਨਹੀਂ ਹੈ - ਹਿੰਦੂ ਧਰਮ ਕਦੋਂ ਅਤੇ ਕਿਸਨੇ ਸਥਾਪਨ ਕੀਤਾ? ਹਿੰਦੂ ਧਰਮ ਤੇ ਹੈ ਨਹੀਂ। ਆਦਿ - ਸਨਾਤਨ ਦੇਵੀ - ਦੇਵਤਾ ਧਰਮ ਹੈ। ਆਦਮ - ਸੁਮਾਰੀ (ਜਨ -ਗੰਣਨਾ) ਵਿੱਚ ਜੇਕਰ ਸਾਡੇ ਤੋਂ ਪੁੱਛਦੇ ਹਨ ਤਾਂ ਅਸੀਂ ਕਹਾਂਗੇ ਅਸੀਂ ਤਾਂ ਬ੍ਰਾਹਮਣ ਹਾਂ। ਇਸ ਸਮੇਂ ਅਸੀਂ ਹਿੰਦੂ ਥੋੜੀ ਹੀ ਹਾਂ। ਇਸ ਸਮੇਂ ਅਸੀਂ ਹਾਂ ਹੀ ਬ੍ਰਹਮਾ ਮੁਖ ਵੰਸ਼ਾਵਲੀ ਬ੍ਰਾਹਮਣ। ਪਰ ਤੁਸੀਂ ਭਾਵੇਂ ਬ੍ਰਾਹਮਣ ਧਰਮ ਦੱਸੋਗੇ ਉਹ ਫਿਰ ਵੀ ਹਿੰਦੂ ਵਿੱਚ ਪਾ ਦੇਣਗੇ। ਉੱਥੇ ਸਵਰਗ ਵਿੱਚ ਤੇ ਆਦਮ - ਸੁਮਾਰੀ ਹੁੰਦੀ ਹੀ ਨਹੀਂ ਕਿਉਂਕਿ ਹੈ ਹੀ ਇੱਕ ਦੇਵੀ - ਦੇਵਤਾ ਧਰਮ। ਤਾਂ ਪੁੱਛਣ ਦੀ ਲੋੜ ਹੀ ਨਹੀਂ। ਇੱਥੇ ਬਹੁਤ ਧਰਮ ਹਨ ਇਸਲਈ ਪੁੱਛਦੇ ਹਨ। ਇਹ ਸਭ ਗੱਲਾਂ ਬਾਪ ਬੈਠ ਸਮਝਾਉਂਦੇ ਹਨ। ਤਾਂ ਬੁੱਧੀ ਨਾਲ ਬਾਪ ਨੂੰ ਯਾਦ ਕਰਨਾ ਹੈ। ਉਹ ਹੈ ਹੀ ਨਿਰਾਕਾਰ ਅਤੇ ਉਹਨਾਂ ਦਾ ਇੱਕ ਹੀ ਨਾਮ ਹੈ। ਬ੍ਰਹਮਾ, ਵਿਸ਼ਨੂੰ, ਸ਼ੰਕਰ ਦੇ ਵੀ ਆਕਾਰੀ ਚਿੱਤਰ ਦੇਖਣ ਵਿੱਚ ਆਉਂਦੇ ਹਨ। ਸ਼ਿਵ ਦਾ ਕਿੱਥੇ ਹੈ? ਸਮਝਦੇ ਵੀ ਹਨ ਕਿ ਇਹ ਭਗਵਾਨ ਹਨ। ਅਸੀਂ ਆਪਣੇ ਨੂੰ ਭਗਵਾਨ ਕਹਾ ਨਹੀਂ ਸਕਦੇ। ਆਤਮਾਵਾਂ ਤਾਂ ਪੁਨਰਜਨਮ ਲੈਂਦੀਆਂ ਹਨ। ਇਵੇਂ ਨਹੀਂ, ਬਾਪ ਵੀ ਪੁਨਰਜਨਮ ਲੈਂਦੇ ਹਨ।

ਹੁਣ ਤੁਸੀਂ ਤਿੰਨੋ ਲੋਕਾਂ ਨੂੰ ਜਾਣਦੇ ਹੋ ਇਸਲਈ ਤੁਹਾਡਾ ਤ੍ਰਿਲੋਕੀਨਾਥ ਨਾਮ ਹੈ। ਜਾਨਣ ਵਾਲੇ ਹੀ ਨਾਥ ਹੋਏ। ਤੁਹਾਨੂੰ ਹੁਣ ਤ੍ਰਿਲੋਕੀ ਦਾ ਗਿਆਨ ਹੈ। ਤੁਸੀਂ ਬ੍ਰਾਹਮਣ ਹੋ ਜਾਣਦੇ ਹੋ ਹੋਰ ਕੋਈ ਵੀ ਜਾਣ ਨਾ ਸਕੇ। ਸਤਿਯੁਗ ਵਿੱਚ ਇਹ ਗਿਆਨ ਹੀ ਨਹੀਂ ਰਹਿੰਦਾ। ਇਹ ਸਿਰਫ਼ ਤੁਹਾਨੂੰ ਮਿਲਦਾ ਹੈ, ਇਸਲਈ ਤੁਹਾਡਾ ਨਾਮ ਬਾਲਾ ਹੈ। ਦੇਲਵਾੜਾ ਮੰਦਿਰ ਵਿੱਚ ਸ਼ਿਵ, ਆਦਿ ਦੇਵ, ਆਦਿ ਦੇਵੀ ਤੇ ਤੁਸੀਂ ਬੱਚੇ ਹੋ ਕਿਉਕੀ ਤੁਸੀਂ ਹੁਣ ਸਰਵਿਸ ਕਰਦੇ ਹੋ। ਬਾਪ ਆਉਂਦੇ ਹਨ ਪਤਿਤਾਂ ਨੂੰ ਪਾਵਨ ਬਣਾਉਣ ਤਾਂ ਬੱਚਿਆਂ ਦੀ ਮਦਦ ਲੈਂਦੇ ਹਨ। ਬਾਪ ਕਹਿੰਦੇ ਹਨ ਜੋ - ਜੋ ਮੇਰੇ ਮਦਦਗਾਰ ਬਣਦੇ ਹਨ, ਉਹਨਾਂ ਨੂੰ ਮੈਂ ਜਾਣਦਾ ਹਾਂ। ਇਹ ਤਾਂ ਕੋਈ ਵੀ ਸਮਝ ਸਕਦੇ ਹਨ, ਜਿਨ੍ਹਾਂ ਦੀ ਏਵਜ਼ ਫਿਰ ਤੁਹਾਨੂੰ ਸਵਰਗ ਦਾ ਮਾਲਿਕ ਬਣਾਉਂਦੇ ਹਨ। ਸਟੂਡੈਂਟਸ ਸਭ ਇੱਕ ਵਰਗੇ ਤੇ ਨਹੀਂ ਹੋਣਗੇ। ਸ਼ਿਵਬਾਬਾ ਦੀ ਦੁਕਾਨ ਹੈ ਮਨੁੱਖ ਨੂੰ ਦੇਵਤਾ ਬਣਾਉਣ ਦੀ ਫਿਰ ਉਹਨਾਂ ਵਿੱਚ ਨੰਬਰਵਾਰ ਹਨ। ਮਹਾਰਥੀਆਂ ਦਾ ਸੈਂਟਰ ਜਰੂਰ ਚੰਗਾ ਚੱਲਦਾ ਹੋਵੇਗਾ। ਸਮਝਣਗੇ ਚੰਗੇ ਸੇਲਮੈਨ ਹਨ। ਸ਼ਿਵਬਾਬਾ ਦੇ ਸਭ ਦੁਕਾਨ ਹਨ। ਤੁਸੀਂ ਅਵਿਨਾਸ਼ੀ ਗਿਆਨ - ਰਤਨਾਂ ਦਾ ਵਪਾਰ ਕਰਦੇ ਹੋ। ਇਹ ਬਾਪ ਕਿੰਨਾ ਸਾਧਾਰਨ ਹੈ! ਕਿੰਨਾ ਫ਼ਰਕ ਹੈ ਸੱਚ ਅਤੇ ਝੂਠ ਦਾ! ਸੱਚ ਦੱਸਣ ਵਾਲਾ ਤਾਂ ਇੱਕ ਹੀ ਬਾਪ ਹੈ। ਬਾਕੀ ਸਭ ਝੂਠ ਹੀ ਝੂਠ ਹੈ। ਵੱਡੇ ਤੇ ਵੱਡੀ ਝੂਠ - ਜੋ ਸ਼੍ਰੀਮਤ ਦੇਣ ਵਾਲੇ ਪਰਮਪਿਤਾ ਪਰਮਾਤਮਾ ਨੂੰ ਸਰਵਵਿਆਪੀ ਕਹਿ ਦਿੰਦੇ ਹਨ! ਪਹਿਲੇ ਤਾਂ ਬੇਅੰਤ ਕਹਿ ਦਿੰਦੇ ਸਨ। ਰਾਵਣ ਕੌਣ ਹੈ, ਕਦੋਂ ਆਇਆ ਸੀ - ਇਹ ਵੀ ਕੋਈ ਨਹੀਂ ਜਾਣਦੇ। ਰਾਵਣ ਨੂੰ ਵੀ ਉਹ ਲੋਕ ਤ੍ਰੇਤਾ ਵਿੱਚ ਲੈ ਗਏ ਹਨ। ਸ਼੍ਰੀਕ੍ਰਿਸ਼ਨ ਨੂੰ ਦਵਾਪਰ ਵਿੱਚ ਲੈ ਜਾਂਦੇ ਹਨ। ਸਤਿਯੁਗ ਨੂੰ ਜਾਣਦੇ ਹੀ ਨਹੀਂ। ਰਾਮ - ਸੀਤਾ ਸੀ ਤ੍ਰੇਤਾ ਵਿੱਚ। ਉੱਥੇ ਰਾਵਣ ਦੀ ਕੋਈ ਗੱਲ ਹੀ ਨਹੀਂ ਉੱਠ ਸਕਦੀ ਹੈ। ਇਹ ਇੱਥੇ ਦੀਆਂ ਗੱਲਾਂ ਹਨ। ਇਹ ਤਾਂ ਇੱਕ ਗਪੌੜਾ ਲਗਾ ਦਿੱਤਾ ਹੈ। ਕਿਸੇ ਨੂੰ ਸਮਝਾਓ ਤੇ ਫਿਰ ਕਹਿ ਦਿੰਦੇ ਹਨ ਇਹ ਇਹਨਾਂ ਬੀ. ਕੇ. ਦੀ ਕਲਪਨਾ ਹੈ। ਹੁਣ ਬੱਚਿਆਂ ਨੂੰ ਸਮਝਾਇਆ ਗਿਆ ਹੈ। ਪੁਆਇੰਟਸ ਨਿਕਲਦੀ ਹੈ ਉਹ ਧਾਰਨ ਕਰਨੀ ਹੈ। ਜਿੱਥੇ ਵੀ ਹੋ ਪੁਆਇੰਟਸ ਮੰਗਕੇ ਪੜ੍ਹਣੇ ਚਾਹੀਦੇ ਹਨ। ਇਵੇਂ ਨਹੀਂ ਕੀ ਫੁਰਸਤ ਨਹੀਂ ਹੈ। ਅਰੇ, ਗੋਡਲੀ ਸਟੂਡੈਂਟਸ ਕਹਿਣ - ਸਾਨੂੰ ਫੁਰਸਤ ਨਹੀਂ ਤਾਂ ਉਹਨਾਂ ਨੂੰ ਕੀ ਕਹਾਂਗੇ? ਕਿਸੇ ਨੂੰ ਧਾਰਨਾ ਕਿਵੇਂ ਕਰਵਾ ਸਕਣਗੇ? ਇੰਨੀਆਂ ਅਥਾਹ ਪੁਆਇੰਟਸ ਚਲਦੀਆਂ ਹਨ, ਉਹ ਜੇਕਰ ਮੁਰਲੀ ਨਹੀਂ ਸੁਣਨਗੇ ਜਾਂ ਨਹੀਂ ਪੜ੍ਹਣਗੇ ਤਾਂ ਧਾਰਨਾ ਕਿਵੇਂ ਹੋਵੇਗੀ? ਇਹ ਜੋ ਏਜੂਕੇਸ਼ਨ ਹੈ। ਸੁਪ੍ਰੀਮ ਟੀਚਰ ਪੜ੍ਹਾਉਣ ਵਾਲਾ ਇੱਕ ਹੀ ਹੈ। ਜੇਕਰ ਮੁਰਲੀ ਨਹੀਂ ਸੁਣਨਗੇ ਤਾਂ ਪੁਆਇੰਟਸ ਸੁਣਾ ਕਿਵੇਂ ਸਕਣਗੇ?

ਇਹ ਤਾਂ ਬੱਚੇ ਸਮਝਦੇ ਹਨ ਬਾਪ ਜਨਮ - ਮਰਨ ਰਹਿਤ ਹੈ। ਉਹ ਪੁਨਰਜਨਮ ਨਹੀਂ ਲੈਂਦੇ। ਪਰ ਉਹਨਾਂ ਦੀ ਜਯੰਤੀ ਮਨਾਉਂਦੇ ਹਨ। ਇਹ ਤਾਂ ਸ਼ਿਵ ਜਯੰਤੀ ਨੂੰ ਵੀ ਖ਼ਤਮ ਕਰਦੇ ਜਾਂਦੇ ਹਨ। ਹੁਣ ਕੌਣ ਦੱਸੇ ਸ਼ਿਵ ਦਾ ਜਨਮ ਕਿਵੇਂ ਹੋਇਆ? ਕੀ ਕੀਤਾ ਹੋਵੇਗਾ? ਗੀਤਾ ਵਿੱਚ ਸ਼੍ਰੀਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ ਪਰ ਉਸ ਰੂਪ ਵਿੱਚ ਤੇ ਆ ਨਾ ਸਕੇ। ਸ਼੍ਰੀਕ੍ਰਿਸ਼ਨ ਨੂੰ ਬੈਕੁੰਠਨਾਥ ਕਹਾਂਗੇ, ਤ੍ਰਿਲੋਕੀਨਾਥ ਨਹੀਂ। ਤਾਂ ਬੈਕੁੰਠ ਮਤਲਬ ਸਵਰਗ ਇੱਥੇ ਹੀ ਸੀ। ਸ਼੍ਰੀਕ੍ਰਿਸ਼ਨ ਵੀ ਇੱਥੇ ਹੀ ਸੀ। ਰਾਧੇ - ਕ੍ਰਿਸ਼ਨ ਦੇ ਕੋਈ ਭਰਾ - ਭੈਣ ਨਹੀਂ ਸਨ। ਦੋਵੇਂ ਵੱਖ - ਵੱਖ ਆਪਣੀ ਰਾਜਧਾਨੀ ਵਿੱਚ ਸੀ। ਬੱਚਿਆਂ ਨੇ ਸਾਕਸ਼ਾਤਕਾਰ ਕੀਤਾ ਹੈ - ਕਿਵੇਂ ਸਵੰਬਰ ਹੁੰਦਾ ਹੈ? ਬਾਬਾ ਨੇ ਸ਼ੁਰੂ ਵਿੱਚ ਤੁਹਾਨੂੰ

ਬਹੁਤ ਬਹਲਾਇਆ ਸੀ। ਇੱਕਲੇ ਹੀ ਅੰਦਰ ਭੱਟੀ ਵਿੱਚ ਪਏ ਸੀ। ਕਿਸੇ ਮਿੱਤਰ - ਸੰਬੰਧੀ ਆਦਿ ਨਾਲ ਨਹੀਂ ਮਿਲਦੇ ਸੀ। ਤਾਂ ਬਾਬਾ ਨੇ ਬਹੁਤ ਦਿਖਾਇਆ। ਫਿਰ ਵੀ ਪਿਛਾੜੀ ਵਿੱਚ ਤੁਸੀਂ ਬਹੁਤ ਦੇਖੋਂਗੇ। ਸਮਝਣਗੇ ਅਸੀਂ ਜਿਵੇਂ ਬੈਕੁੰਠ ਵਿੱਚ ਬੈਠੇ ਹਾਂ। ਅੰਤ ਦੇ ਸਮੇਂ ਮਨੁੱਖ ਹੈਰਾਨ ਹੁੰਦੇ ਹਨ। ਬਹੁਤ ਆਫ਼ਤਾਂ ਆਉਣੀਆਂ ਹਨ, ਇਸਨੂੰ ਕਿਹਾ ਜਾਂਦਾ ਹੈ - ਅਤਿ ਖ਼ੂਨੇ ਨਾਹੇਕ। ਦੁਨੀਆਂ ਨਹੀਂ ਜਾਣਦੀ। ਇਵੇਂ ਵੀ ਨਹੀਂ, ਉਹ ਗੌਰਮਿੰਟ ਕੋਈ ਮਤ ਲਵੇਗੀ। ਹੁਣ ਤਾਂ ਸਭਦਾ ਵਿਨਾਸ਼ ਹੋਣਾ ਹੈ। ਤੁਸੀਂ ਅਵਿਨਾਸ਼ੀ ਬਾਪ ਕੋਲੋਂ ਅਵਿਨਾਸ਼ੀ ਪਦਵੀ ਪਾ ਰਹੇ ਹੋ। ਭਾਵੇਂ ਪ੍ਰਜਾ ਵਿੱਚ ਆਏ ਤਾਂ ਵੀ ਅਹੋ ਸੋਭਾਗ। ਉੱਥੇ ਸੁਖ ਹੀ ਸੁਖ ਹੈ। ਇੱਥੇ ਦੁੱਖ ਹੀ ਦੁੱਖ ਹੈ। ਹੁਣ ਬਾਪ ਪੜ੍ਹਾਉਣ ਆਏ ਹਨ ਤਾਂ ਪੜ੍ਹਣਾ ਵੀ ਚਾਹੀਦਾ ਹੈ ਨਾ। ਭਾਵੇਂ ਕੰਮ ਹੈ, ਹੱਥ ਕਾਰ ਡੇ ਦਿਲ ਯਾਰ ਡੇ … ਬੁੱਧੀਯੋਗ ਬਾਪ ਦੇ ਨਾਲ ਲੱਗਿਆ ਹੋਇਆ ਹੋਵੇ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਹੋਏ ਯਾਦ ਉਹਨਾਂ ਨੂੰ ਕਰਨਾ ਹੈ। ਅਰੇ, ਬਾਪ ਸਵਰਗ ਦਾ ਮਾਲਿਕ ਬਣਾਉਂਦੇ ਹਨ, ਕੀ ਸਮਝਦੇ ਹੋ। 21 ਜਨਮ ਰਾਜਾਈ ਕਰਦੇ ਹੋ। ਕੋਈ ਫ਼ਿਕਰ ਦੀ ਗੱਲ ਨਹੀਂ। ਇੱਥੇ ਤਾਂ ਦੇਖੋ, ਮੁਨੱਖਾਂ ਨੂੰ ਕਿੰਨਾ ਫ਼ਿਕਰ ਰਹਿੰਦਾ ਹੈ। ਉੱਥੇ ਫ਼ਿਕਰ ਨਹੀਂ ਹੁੰਦਾ। ਤੁਸੀਂ ਉੱਥੇ ਪ੍ਰਾਲਬੱਧ ਭੋਗਦੇ ਹੋ। ਪਰ ਉੱਥੇ ਇਹ ਵੀ ਪਤਾ ਨਹੀਂ ਲੱਗੇਗਾ। ਇਹ ਨਾਲੇਜ਼ ਤੁਹਾਨੂੰ ਹੁਣ ਹੈ ਕਿ ਅਸੀਂ ਅਵਿਨਾਸ਼ੀ ਬਾਪ ਕੋਲੋਂ ਵਰਸਾ ਲੈ ਰਹੇ ਹਾਂ। ਫਿਰ ਆਟੋਮੇਟਿਕਲੀ ਅਸੀਂ ਰਾਜਧਾਨੀ ਦਾ ਵਰਸਾ ਲੈਂਦੇ ਰਹਾਂਗੇ। ਇਵੇਂ ਨਹੀਂ ਕਿ ਦਾਨ - ਪੁੰਨ ਕਰਨ ਨਾਲ ਰਾਜਾ ਬਣਾਂਗੇ। ਨਹੀਂ। ਇਸ ਸਮੇਂ ਦੇ ਪੁਰਸ਼ਾਰਥ ਦੀ ਉਹ ਪ੍ਰਾਲਬੱਧ ਹੈ। ਤਾਂ ਕਿੰਨਾ ਪੁਰਸ਼ਾਰਥ ਕਰਨਾ ਚਾਹੀਦਾ ਹੈ ਜਿਸ ਨਾਲ 21 ਜਨਮਾਂ ਦੀ ਪ੍ਰਾਲਬੱਧ ਬਣਦੀ ਹੈ। ਉੱਥੇ ਪੁਰਸ਼ਾਰਥ - ਪ੍ਰਾਲਬੱਧ ਦੀ ਗੱਲ ਨਹੀਂ ਹੁੰਦੀ। ਉੱਥੇ ਕੋਈ ਅਪ੍ਰਾਪਤ ਵਸਤੂ ਨਹੀਂ ਜਿਸਦੇ ਲਈ ਪੁਰਸ਼ਾਰਥ ਕਰਨਾ ਪਵੇ ਸਭ ਧੰਨਵਾਨ ਹਨ। ਇੱਥੇ ਮਨੁੱਖ ਪੜ੍ਹਦੇ ਹਨ ਕਿ ਅਸੀਂ ਜੱਜ ਬਣੀਏ, ਡਾਕਟਰ ਬਣੀਏ …ਉੱਥੇ ਤਾਂ ਨਾ ਜੱਜ, ਨਾ ਡਾਕਟਰ ਆਦਿ ਹੁੰਦੇ। ਉੱਥੇ ਕੋਈ ਪਾਪ ਕਰਦੇ ਨਹੀਂ। ਉੱਥੇ ਕੋਈ ਚੋਰ - ਚਕਾਰ ਹੋਵੇਗਾ ਨਹੀਂ। ਤੁਸੀਂ ਸਾਰੇ ਵਿਸ਼ਵ ਦੇ ਮਾਲਿਕ ਬਣਦੇ ਹੋ। ਕਿਸੇ ਗੱਲ ਦੀ ਪ੍ਰਵਾਹ ਨਹੀਂ ਰਹਿੰਦੀ। ਅਨੰ ਆਦਿ ਤੇ ਪੈਸੇ ਲੱਗਦੇ ਨਹੀਂ। ਇੱਥੇ ਵੀ ਬਾਬਾ ਦੇ ਹੁੰਦੇ 8- 10 ਆਨੇ ਮਨ ਅਨਾਜ਼ ਮਿਲਦਾ ਸੀ। ਤਾਂ ਉਹਨਾਂ ਤੋਂ ਅੱਗੇ ਕੀ ਹੋਵੇਗਾ? ਹੁਣ ਤਾਂ ਕਿੰਨੀ ਮਹਿੰਗਾਈ ਹੈ! ਅਜੁਨ ਮਹਿੰਗਾਈ ਹੋਰ ਵਧੇਗੀ, ਫਿਰ ਸਸਤਾਈ ਹੋ ਜਾਏਗੀ। ਡਰਾਮੇ ਅਨੁਸਾਰ ਸਭ - ਕੁਝ ਤੁਹਾਨੂੰ ਮਿਲਣਾ ਹੈ। ਉਹਨਾਂ ਦੀ ਮਦਦ ਨਾਲ ਤੁਹਾਨੂੰ ਰਾਜਧਾਨੀ ਮਿਲਣੀ ਹੈ। ਦੋ ਬਾਂਦਰ ਲੜ੍ਹਦੇ ਹਨ, ਮੱਖਣ ਤੁਹਾਨੂੰ ਮਿਲਦਾ ਹੈ। ਦੁਨੀਆਂ ਥੋੜੀਹੀ ਜਾਣਦੀ ਹੈ ਕਿ ਤੁਹਾਨੂੰ ਪੜ੍ਹਾਉਣ ਵਾਲਾ ਕੌਣ ਹੈ! ਇਹ ਹੈ ਵੀ ਗੁਪਤ ਵੇਸ਼ ਵਿੱਚ। ਤੁਹਾਨੂੰ ਇੱਕ ਸੈਕਿੰਡ ਵਿੱਚ ਬੈਕੁੰਠ ਦੀ ਰਾਜਧਾਨੀ ਦੇ ਦਿੰਦੇ ਹਨ। ਖ਼ੁਦਾ ਦੋਸਤ ਦੀ ਕਹਾਣੀ ਹੈ ਨਾ। ਇਹ ਮਹਿਮਾ ਬਾਪ ਦੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਚੰਗਾ ਹੁਸ਼ਿਆਰ ਸੇਲਸਮੈਨ ਬਣ ਅਵਿਨਾਸ਼ੀ ਗਿਆਨ - ਰਤਨਾਂ ਦਾ ਵਪਾਰ ਕਰਨਾ ਹੈ। ਅਵਿਨਾਸ਼ੀ ਪ੍ਰਾਲਬੱਧ ਬਣਾਉਣ ਦੇ ਲਈ ਆਪਣਾ ਬੁੱਧੀਯੋਗ ਇੱਕ ਬਾਪ ਨਾਲ ਲਗਾਉਣਾ ਹੈ।

**2.** ਪਾਸ ਵਿਦ ਆਨਰ ਹੋਣ ਦੇ ਲਈ ਸੱਚਾ - ਸੱਚਾ ਆਸ਼ਿਕ ਬਣਨਾ ਹੈ। ਨਿਰੰਤਰ ਇੱਕ ਮਾਸ਼ੂਕ ਨੂੰ ਯਾਦ ਕਰਨਾ ਹੈ।

ਵਰਦਾਨ:- ਸਰਵਸ਼ਕਤੀਮਾਨ ਦੇ ਸਾਥੀ ਬਣ ਸਰਵ ਦੇ ਪ੍ਰਤੀ ਸ਼ੁਭ ਭਾਵਨਾ ਰੱਖਣ ਵਾਲੇ ਚਿਤੰਨ ਅਤੇ ਚਿੰਤਾ ਮੁਕਤ ਭਵ

ਕਈ ਬੱਚੇ ਚਿੰਤਨ ਕਰਦੇ ਹਨ ਕਿ ਫਲਾਣੇ ਦੀ ਬਿਮਾਰੀ ਠੀਕ ਹੋ ਜਾਏ, ਬੱਚਾ ਜਾਂ ਪਤੀ ਗਿਆਨ ਵਿੱਚ ਚੱਲ ਪੈਣ, ਧੰਧਾ ਠੀਕ ਹੋ ਜਾਏ... ਇਹ ਭਾਵਨਾ ਤੇ ਚੰਗੀ ਹੈ, ਪਰ ਤੁਹਾਡੀਆਂ ਇਹ ਚਾਹਣਾ ਉਦੋਂ ਪੂਰੀਆਂ ਹੋਣਗੀਆਂ ਜਦੋਂ ਖ਼ੁਦ ਹਲਕੇ ਹੋ ਬਾਪ ਕੋਲੋਂ ਸ਼ਕਤੀ ਲਵੋਂਗੇ। ਇਸਦੇ ਲਈ ਬੁੱਧੀ ਰੂਪੀ ਬਰਤਨ ਖ਼ਾਲੀ ਚਾਹੀਦਾ ਹੈ। ਸਭ ਦਾ ਕਲਿਆਣ ਚਾਹੁੰਦੇ ਹੋ ਤਾਂ ਖ਼ੁਦ ਸ਼ਕਤੀਰੂਪ ਬਣ ਸਰਵਸ਼ਕਤੀਮਾਨ ਦੇ ਸਾਥੀ ਬਣ ਸ਼ੁਭ ਭਾਵਨਾ ਰੱਖ ਚੱਲਦੇ ਚੱਲੋ। ਚਿੰਤਨ ਅਤੇ ਚਿੰਤਾ ਮੁਕਤ ਬਣੋ, ਬੰਧੰਨ ਵਿੱਚ ਨਹੀਂ ਫਸੋ।

ਸਲੋਗਨ:- ਜੋ ਪ੍ਰਸ਼ਨਾਂ ਤੋਂ ਪਾਰ ਰਹਿੰਦੇ ਹਨ ਉਹ ਸਦਾ ਪ੍ਰਸੰਨਚਿਤ ਰਹਿੰਦੇ ਹਨ।

******